## ਪ੍ਰਸ਼ਨ-ਪੱਤਰ ਬਣਤਰ
## ਜਮਾਤ-ਬਾਰ੍ਹਵੀਂ
## ਪੰਜਾਬੀ ਚੋਣਵੀਂ
## ਵਿੱਦਿਅਕ ਵਰ੍ਹਾ: 2022-2023

ਸਮਾਂ: 3 ਘੰਟੇ

ਲਿਖਤੀ ਅੰਕ= 80,ਆਂਤਰਿਕ ਮੁਲਾਂਕਣ=20
ਕੁੱਲ ਅੰਕ= 100

ਨੋਟ: **5 ਅੰਕ ਸੁੰਦਰ ਲਿਖਾਈ** ਲਈ ਨਿਰਧਾਰਿਤ ਕੀਤੇ ਗਏ ਹਨ।ਇਹ ਅੰਕ ਇਸ ਪ੍ਰਸ਼ਨ-ਪੱਤਰ ਦੇ ਕੁੱਲ ਅੰਕਾਂ-80 ਵਿੱਚ ਹੀ ਰਾਖਵੇਂ ਹਨ।

(1) ਪ੍ਰਸ਼ਨ-ਪੱਤਰ ਦੇ ਕੁੱਲ 8 ਪ੍ਰਸ਼ਨ ਹੋਣਗੇ। ਪ੍ਰਸ਼ਨ ਨੰ. 1 ਸੁੰਦਰ ਲਿਖਾਈ ਲਈ ਰਾਖਵਾਂ ਹੋਵੇਗਾ।
(2) ਸਾਰੇ ਪ੍ਰਸ਼ਨ ਜ਼ਰੂਰੀ ਹੋਣਗੇ।
(3) ਪ੍ਰਸ਼ਨ ਨੰ. 2 ਦਾ ਭਾਗ (ੳ), (ਅ), (ੲ) ਅਤੇ (ਸ) ਵਸਤੂਨਿਸ਼ਠ ਪ੍ਰਸ਼ਨਾਂ ਦੇ ਹਨ।ਹਰੇਕ ਪ੍ਰਸ਼ਨ ਦੇ 2 ਅੰਕ ਹਨ।

ਪ੍ਰਸ਼ਨ 1. ਸੁੰਦਰ ਲਿਖਾਈ ਲਈ ਰਾਖਵਾਂ।

ਪ੍ਰਸ਼ਨ 2. ਇਸ ਵਿੱਚ ਨਿਮਨਲਿਖਤ ਭਾਗਾਂ ਵਾਲੇ 20 ਵਸਤੂਨਿਸ਼ਠ ਪ੍ਰਸ਼ਨ ਹੋਣਗੇ।ਹਰੇਕ ਪ੍ਰਸ਼ਨ ਦੇ 2 ਅੰਕ ਹੋਣਗੇ:

ਭਾਗ(ੳ): ਇਸ ਵਿੱਚ ਇੱਕ ਜਾਂ ਦੋ ਸ਼ਬਦਾਂ ਵਿੱਚ ਉੱਤਰਾਂ ਵਾਲੇ 5 ਪ੍ਰਸ਼ਨ।ਹਰੇਕ ਪ੍ਰਸ਼ਨ ਦੇ 2 ਅੰਕ ਹੋਣਗੇ।

ਭਾਗ(ਅ): ਇਸ ਵਿੱਚ ਬਹੁ-ਚੋਣਵੇਂ 5 ਪ੍ਰਸ਼ਨ ਹੋਣਗੇ।ਹਰੇਕ ਪ੍ਰਸ਼ਨ ਦੇ 2 ਅੰਕ ਹੋਣਗੇ।
( ਹਰੇਕ ਪ੍ਰਸ਼ਨ ਦੀਆਂ ਅੱਗੇ ਚਾਰ ਆਪਸ਼ਨਜ਼/ਵਿਕਲਪ ਹੋਣਗੇ)

ਭਾਗ(ੲ): ਇਸ ਵਿੱਚ 5 ਕਥਨ ਦੇ ਕੇ ਉਸ ਦੇ ਸਹੀ ਜਾਂ ਗ਼ਲਤ ਹੋਣ ਦਾ ਉੱਤਰ ਦੇਣਾ ਹੋਵੇਗਾ।ਹਰੇਕ ਕਥਨ ਦੇ 2 ਅੰਕ ਹੋਣਗੇ।

ਭਾਗ(ਸ): ਇਹ ਭਾਗ ਖ਼ਾਲੀ ਥਾਵਾਂ ਭਰਨ ਨਾਲ ਸੰਬੰਧਿਤ ਹੋਵੇਗਾ।ਇਸ ਵਿੱਚ 5 ਵਾਕਾਂ ਵਿੱਚ ਇੱਕ-ਇੱਕ ਖ਼ਾਲੀ ਥਾਂ ਭਰਨ ਲਈ ਦਿੱਤੀ ਜਾਵੇਗੀ।ਹਰੇਕ ਵਾਕ ਦੀ ਸਹੀ ਖ਼ਾਲੀ ਥਾਂ ਭਰਨ ਦੇ 2 ਅੰਕ ਹੋਣਗੇ।ਇਸ ਭਾਗ ਵਿੱਚ ਹਰੇਕ ਵਾਕ ਦੀ ਖ਼ਾਲੀ ਥਾਂ ਦੇ ਦੋ ਵਿਕਲਪ/ਆਪਸ਼ਨਜ਼ ਬਰੈਕਟ ਵਿੱਚ ਦਿੱਤੀਆਂ ਜਾਣਗੀਆਂ।

ਵਸਤੂਨਿਸ਼ਠ ਪ੍ਰਸ਼ਨ ਬੋਰਡ ਵੱਲੋਂ ਵਿਸ਼ੇ ਦੀਆਂ ਨਿਰਧਾਰਿਤ ਪਾਠ-ਪੁਸਤਕਾਂ ਵਿੱਚੋਂ ਲੋੜੀਂਦੇ ਅਨੁਪਾਤ ਅਨੁਸਾਰ ਹੋਣਗੇ।

**20x2=40**

ਪ੍ਰਸ਼ਨ 3. ਇਸ ਭਾਗ ਵਿੱਚ ਮੱਧ-ਕਾਲੀਨ ਪੰਜਾਬੀ-ਕਾਵਿ (ਝਲਕਾਂ ਤੇ ਇਤਿਹਾਸ) ਪਾਠ-ਪੁਸਤਕ ਦੇ ਸੂਫ਼ੀ-ਕਾਵਿ ਅਤੇ ਗੁਰਮਤਿ-ਕਾਵਿ ਵਿੱਚੋਂ ਇੱਕ-ਇੱਕ ਰਚਨਾ ਦੇ ਕਾਵਿ-ਅੰਸ਼ ਦੇ ਕੇ ਕਿਸੇ ਇੱਕ ਦੀ ਪ੍ਰਸੰਗ ਸਹਿਤ ਵਿਆਖਿਆ ਕਰਨ ਲਈ ਕਿਹਾ ਜਾਵੇਗਾ।ਪ੍ਰਸੰਗ ਲਈ 2 ਅਤੇ ਵਿਆਖਿਆ ਲਈ 3 ਅੰਕ ਹੋਣਗੇ।

2+3=5

ਪ੍ਰਸ਼ਨ 4. ਇਸ ਭਾਗ ਵਿੱਚ ਮੱਧ-ਕਾਲੀਨ ਪੰਜਾਬੀ-ਕਾਵਿ (ਝਲਕਾਂ ਤੇ ਇਤਿਹਾਸ) ਪਾਠ-ਪੁਸਤਕ ਦੇ ਸੂਫ਼ੀ-ਕਾਵਿ ਅਤੇ ਗੁਰਮਤਿ-ਕਾਵਿ ਵਿੱਚੋਂ ਇੱਕ-ਇੱਕ ਰਚਨਾ ਦਾ ਨਾਂ ਦੇ ਕੇ ਕਿਸੇ ਇੱਕ ਰਚਨਾ/ਕਵਿਤਾ ਦਾ ਕੇਂਦਰੀ ਭਾਵ ਲਿਖਣ ਲਈ ਕਿਹਾ ਜਾਵੇਗਾ। 4

ਪ੍ਰਸ਼ਨ 5. ਇਸ ਭਾਗ ਵਿੱਚ ਮੱਧ-ਕਾਲੀਨ ਪੰਜਾਬੀ-ਕਾਵਿ (ਝਲਕਾਂ ਤੇ ਇਤਿਹਾਸ) ਪਾਠ-ਪੁਸਤਕ ਦੇ ਕਿੱਸਾ-ਕਾਵਿ ਅਤੇ ਬੀਰ-ਕਾਵਿ ਨਾਲ ਸੰਬੰਧਿਤ ਪਾਠ-ਅਭਿਆਸਾਂ ਵਿੱਚੋਂ ਦੋ ਪ੍ਰਸ਼ਨ ਦੇ ਕੇ ਕਿਸੇ ਇੱਕ ਪ੍ਰਸ਼ਨ ਦਾ ਉੱਤਰ ਲਿਖਣ ਲਈ ਕਿਹਾ ਜਾਵੇਗਾ। 7

ਪ੍ਰਸ਼ਨ 6. ਆਪ-ਬੀਤੀਆਂ ਪਾਠ-ਪੁਸਤਕ ਦੇ ਅਭਿਆਸੀ ਪ੍ਰਸ਼ਨਾਂ ਵਿੱਚੋਂ ਚਾਰ ਪ੍ਰਸ਼ਨ ਦੇ ਕੇ ਕੋਈ **ਦੋ** ਪ੍ਰਸ਼ਨਾਂ ਦੇ ਸੰਖੇਪ ਉੱਤਰ ਲਿਖਣ ਲਈ ਕਿਹਾ ਜਾਵੇਗਾ।ਹਰੇਕ ਪ੍ਰਸ਼ਨ ਦਾ ਉੱਤਰ 4 ਅੰਕਾਂ ਦਾ ਹੋਵੇਗਾ।

2x4=8

ਪ੍ਰਸ਼ਨ 7. ਸਾਹਿਤ-ਬੋਧ ਪਾਠ-ਪੁਸਤਕ ਵਿੱਚੋਂ ਕੋਈ ਤਿੰਨ ਸਾਹਿਤ-ਰੂਪ ਦੇ ਕੇ ਕੋਈ ਇੱਕ ਸਹਿਤ-ਰੂਪ ਬਾਰੇ ਨੋਟ ਲਿਖਣ ਲਈ ਕਿਹਾ ਜਾਵੇਗਾ।ਇਸ ਵਿੱਚ ਸੰਬੰਧਿਤ ਸਾਹਿਤ-ਰੂਪ ਦੀ ਮੌਲਿਕ ਪਰਿਭਾਸ਼ਾ ਦੇਣ ਦੇ 2 ਅੰਕ, ਉਸ ਦੀਆਂ ਵਿਸ਼ੇਸ਼ਤਾਈਆਂ/ਤੱਤਾਂ ਦੇ 4 ਅੰਕ ਅਤੇ ਉਸ ਦੇ ਕੋਈ 2 ਅਹਿਮ ਲੇਖਕਾਂ/ਰਚਨਾਵਾਂ ਦੇ ਨਾਂ ਲਿਖਣ ਦਾ 1 ਅੰਕ ਹੋਵੇਗਾ। 2+4+1=7

ਪ੍ਰਸ਼ਨ 8. ਸਾਹਿਤ-ਬੋਧ ਪਾਠ-ਪੁਸਤਕ ਦੇ ਇੱਕ ਛੰਦ, ਇੱਕ ਅਲੰਕਾਰ ਅਤੇ ਇੱਕ ਰਸ ਦਾ ਨਾਂ ਦੇ ਕੇ ਇਹਨਾਂ ਵਿੱਚੋਂ ਕਿਸੇ ਇੱਕ ਦੀ ਉਦਾਹਰਨਾਂ ਸਹਿਤ ਪਰਿਭਾਸ਼ਾ/ਨੋਟ ਲਿਖਣ ਲਈ ਕਿਹਾ ਜਾਵੇਗਾ। 1x4=4

-0-